# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

## 08:30

**ਮਿਤੀ :07-10-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਸਰਕਾਰ ਦੇ ਮੁਖੀ ਵਜੋਂ 25 ਸਾਲ ਪੂਰੇ ਕਰ ਰਹੇ ਨੇ. ਕੇਂਦਰੀ ਮੰਤਰੀ ਮੰਡਲ ਨੇ ਇਸ ਇਤਿਹਾਸਕ ਪ੍ਰਾਪਤੀ 'ਤੇ ਮਤਾ ਪਾਸ ਕੀਤਾ.
- ਸਰਕਾਰ ਨੇ ਵਿਕਸਿਤ ਭਾਰਤ-ਜੀ ਰਾਮ ਜੀ ਤਹਿਤ ਕੀਤੇ ਜਾਣ ਵਾਲੇ ਕੰਮਾਂ ਦੀ ਸੂਚੀ ਜਾਰੀ ਕੀਤੀ ਏ।
- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇੰਡੀਆ ਮੋਬਾਈਲ ਕਾਂਗਰਸ ਤੋਂ ਪਹਿਲਾਂ, ਗਲੋਬਲ ਸਿਸਟਮ ਫਾਰ ਮੋਬਾਈਲ ਕਮਿਊਨੀਕੇਸ਼ਨਜ਼ ਐਸੋਸੀਏਸ਼ਨ (GSMA) ਦੇ ਬੋਰਡ ਮੈਂਬਰਾਂ ਨਾਲ ਗੱਲਬਾਤ ਕੀਤੀ। ਕਿਹਾ, ਤਕਨਾਲੋਜੀ ਨੂੰ ਸਮਾਵੇਸ਼ੀ ਅਤੇ ਨਿਰੰਤਰ ਰਹਿਣ ਯੋਗ ਵਿਕਾਸ ਲਈ ਇੱਕ ਸਾਧਨ ਬਣਨਾ ਚਾਹੀਦਾ ਏ.
- ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੇ ਪੰਜਾਬ ਦੇ ਮੁੱਖ ਮੰਤਰੀ ਦੇ ਓਐਸਡੀ, ਅਤੇ ਉਨ੍ਹਾਂ ਦੇ ਸਾਥੀਆਂ ਵਿਰੁੱਧ ਨਕਦੀ ਬਦਲੇ ਤਬਾਦਲੇ ਅਤੇ ਭ੍ਰਿਸ਼ਟਾਚਾਰ ਦੇ ਹੋਰ ਮਾਮਲਿਆਂ ਵਿੱਚ FIR ਦਰਜ ਕੀਤੀ. ਤੇ ਛਾਪੇਮਰੀ ਕੀਤੀ।

- ਭਾਰਤੀ ਰਿਜ਼ਰਵ ਬੈਂਕ ਅੱਜ ਆਪਣੀ ਦੁਮਾਹੀ ਮਾਲੀ ਨੀਤੀ ਦਾ ਐਲਾਨ ਕਰੇਗਾ।
- ਭਾਰਤੀ ਕ੍ਰਿਕੇਟ ਕੰਟਰੋਲ ਬੋਰਡ ਨੇ ਸਮ੍ਰਿਤੀ ਮੰਧਾਨਾ ਨੂੰ ਭਾਰਤ ਦੀ ਔਰਤਾਂ ਦੀ ਕ੍ਰਿਕਟ ਟੀਮ ਦਾ ਨਵਾਂ ਕਪਤਾਨ ਨਿਯੁਕਤ ਕੀਤਾ ਏ।

------------------------------------------------------------

ਕੇਂਦਰੀ ਮੰਤਰੀ ਮੰਡਲ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਸਰਕਾਰ ਦੇ ਮੁਖੀ ਵਜੋਂ 25 ਸਾਲ ਪੂਰੇ ਕਰਨ ਲਈ ਵਧਾਈ ਦੇਣ ਵਾਲਾ ਮਤਾ ਪਾਸ ਕੀਤਾ ਏ। ਸ਼੍ਰੀ ਮੋਦੀ ਨੇ ਅੱਜ ਦੇ ਹੀ ਦਿਨ ਯਾਨੀ 7 ਅਕਤੂਬਰ 2001 ਨੂੰ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਅਹੁਦਾ ਸੰਭਾਲਿਆ ਅਤੇ ਫਿਰ 2014 ਵਿੱਚ ਪ੍ਰਧਾਨ ਮੰਤਰੀ ਬਣੇ ਅਤੇ ਅੱਜ ਉਹ ਸਰਕਾਰ ਦੇ ਮੁਖੀ ਵਜੋਂ 25 ਸਾਲ ਪੂਰੇ ਕਰ ਰਹੇ ਨੇ. ਸੂਚਨਾ ਅਤੇ ਪ੍ਰਸਾਰਣ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ 25 ਸਾਲਾਂ ਦਾ ਕਾਰਜਕਾਲ ਭਾਰਤੀ ਲੋਕਤੰਤਰ ਦੀ ਮਜ਼ਬੂਤੀ ਦਾ ਪ੍ਰਮਾਣ ਏ। ਸ਼੍ਰੀ ਵੈਸ਼ਨਵ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਅਜਿਹਾ ਇਤਿਹਾਸ ਰਚਿਆ ਏ ਜੋ ਕਿਸੇ ਵੀ ਲੋਕਤੰਤਰੀ ਦੇਸ਼ ਵਿੱਚ ਵਿਲੱਖਣ ਏ। ਉਨ੍ਹਾਂ ਕਿਹਾ ਕਿ ਦੁਨੀਆ ਵਿੱਚ ਬੇਹਦ ਘੱਟ ਦੇਸ਼ ਨੇ ਜਿੱਥੇ ਲੋਕਾਂ ਨੇ ਵਾਰ-ਵਾਰ ਇੱਕ ਹੀ ਨੇਤਾ ਨੂੰ ਆਪਣੀ ਹਮਾਇਤ ਦਿੱਤੀ ਏ. ਮੰਤਰੀ ਨੇ ਕਿਹਾ,

ਇਹ ਹਮਾਇਤ ਉਨ੍ਹਾਂ ਦੀ ਕਾਰਜਸ਼ੈਲੀ, ਉਨ੍ਹਾਂ ਦੀਆਂ ਸਹੀ ਨੀਤੀਆਂ ਅਤੇ ਉਨ੍ਹਾਂ ਦੇ ਸਪੱਸ਼ਟ ਅਤੇ ਚੰਗੇ ਇਰਾਦਿਆਂ ਕਾਰਨ ਦਿੱਤੀ ਗਈ ਏ- byte – VAISHNAW – 26 sec

ਸ਼੍ਰੀ ਵੈਸ਼ਨਵ ਨੇ ਇਸ ਕੈਬਨਿਟ ਮਤੇ ਦੇ ਦਸ ਮੁੱਖ ਨੁਕਤਿਆਂ ਨੂੰ ਉਜਾਗਰ ਕੀਤਾ। ਪਹਿਲਾ ਨੁਕਤਾ ਗੁਜਰਾਤ ਤੋਂ ਪੂਰੇ ਦੇਸ਼ ਵਿੱਚ ਵਿਕਾਸ ਦੇ ਦ੍ਰਿਸ਼ਟੀਕੋਣ ਦਾ ਪਸਾਰ ਏ । ਉਨ੍ਹਾਂ ਕਿਹਾ ਕਿ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਪਣੇ ਪ੍ਰੋਗਰਾਮਾਂ ਅਤੇ ਨੀਤੀਆਂ ਰਾਹੀਂ ਗੁਜਰਾਤ ਵਿੱਚ ਕਈ ਬਦਲਾਅ ਲਿਆਂਦੇ, ਜਿਸ ਲਈ ਸ਼੍ਰੀ ਮੋਦੀ ਨੂੰ ਦੁਨੀਆ ਭਰ ਵਿੱਚ ਸਨਮਾਨਿਤ ਕੀਤਾ ਗਿਆ। ਗੁਜਰਾਤ ਮਾਡਲ ਨੂੰ ਦੁਨੀਆ ਭਰ ਵਿੱਚ ਮਾਨਤਾ ਅਤੇ ਬਾਅਦ ਵਿੱਚ ਪੂਰੇ ਭਾਰਤ ਵਿੱਚ ਲਾਗੂ ਕੀਤਾ ਗਿਆ।

-------------------------------------------------------

ਸਰਕਾਰ ਨੇ ਵਿਕਾਸਤ ਭਾਰਤ-ਰੁਜ਼ਗਾਰ ਅਤੇ ਆਜੀਵਿਕਾ ਮਿਸ਼ਨ (ਵੀਬੀ-ਜੀ ਰਾਮ ਜੀ) ਤਹਿਤ ਕੀਤੇ ਜਾਣ ਵਾਲੇ ਕੰਮਾਂ ਦੀ ਸੂਚੀ ਜਾਰੀ ਕੀਤੀ ਏ । ਨਵੀਂ ਸੂਚੀ ਵਿੱਚ ਕੁੱਲ 375 ਕੰਮ ਸ਼ਾਮਿਤ ਨੇ । ਪਿਛਲੀ ਯੋਜਨਾ ਵਿੱਚ 266 ਕੰਮ ਸਨ। ਇਹ ਕਰੀਬ 41 ਫੀਸਦੀ ਦਾ ਵਾਧਾ ਦਰਸਾਉਂਦਾ ਏ । ਇਨ੍ਹਾਂ ਕੰਮਾਂ ਨੂੰ ਚਾਰ ਮੁੱਖ ਹਿੱਸਿਆਂ ਵਿੱਚ ਵੰਡਿਆ ਗਿਆ ਏ । ਪਹਿਲਾ ਪਾਣੀ ਸੁਰੱਖਿਆ ਏ,

ਜਿਸ ਵਿੱਚ ਸਭ ਤੋਂ ਵੱਧ 128 ਕੰਮ ਨੇ ਇਨ੍ਹਾਂ ਵਿੱਚ ਚੈੱਕ ਡੈਮ ਬਣਾਉਣਾ, ਪਾਣੀ ਦੇ ਵਸੀਲਿਆਂ ਨੂੰ ਸੁਧਾਰਨਾ, ਦਰਿਆਵਾਂ ਅਤੇ ਨਾਲਿਆਂ ਨੂੰ ਮੁੜ ਸੁਰਜੀਤ ਕਰਨਾ, ਅਤੇ ਪਾਣੀ ਵੰਡ ਪ੍ਰਣਾਲੀਆਂ ਵਰਗੇ ਕੰਮ ਸ਼ਾਮਿਲ ਨੇ. ਦੂਜਾ ਹਿੱਸਾ ਦਿਹਾਤੀ ਬੁਨਿਆਦੀ ਢਾਂਚਾ ਏ, ਜਿਸ ਵਿੱਚ 111 ਕੰਮ ਕੀਤੇ ਜਾਣੇ ਨੇ. ਤੀਜੇ ਹਿੱਸੇ ਵਿੱਚ ਰੁਜ਼ਗਾਰ ਅਤੇ ਆਜੀਵਿਕਾ ਬੁਨਿਆਦੀ ਢਾਂਚੇ ਨਾਲ ਸਬੰਧਤ 98 ਕੰਮ ਸ਼ਾਮਲ ਨੇ । ਪਹਿਲੀ ਵਾਰ, ਆਫ਼ਤ ਦੀ ਤਿਆਰੀ ਅਤੇ ਅਤਿ ਦੇ ਮੌਸਮ ਪ੍ਰਤੀ ਪ੍ਰਬੰਧ ਲਈ 38 ਕੰਮ ਵੱਖਰੇ ਤੌਰ 'ਤੇ ਸ਼ਾਮਲ ਕੀਤੇ ਗਏ ਨੇ. ਸਰਕਾਰ ਮੁਤਾਬਿਕ, ਇਸ ਨਵੀਂ ਯੋਜਨਾ ਦਾ ਉਦੇਸ਼ ਦਿਹਾਤੀ ਖੇਤਰਾਂ ਵਿੱਚ ਰੁਜ਼ਗਾਰ ਪ੍ਰਦਾਨ ਕਰਨਾ ਏ. ਸਾਰੇ ਕੰਮ ਪਿੰਡ ਪੱਧਰ 'ਤੇ ਤਿਆਰ ਕੀਤੇ ਜਾਣਗੇ। ਗ੍ਰਾਮ ਸਭਾ ਦੀ ਪ੍ਰਵਾਨਗੀ ਤੋਂ ਬਾਅਦ, ਇਹਨਾਂ ਨੂੰ ਵਿਕਸਤ ਗ੍ਰਾਮ ਪੰਚਾਇਤ ਯੋਜਨਾ ਦੇ ਤਹਿਤ ਲਾਗੂ ਕੀਤਾ ਜਾਵੇਗਾ।

-----------------------------------------------------------

ਇੰਡੀਆ ਮੋਬਾਈਲ ਕਾਂਗਰਸ ਦਾ ਦਸਵਾਂ ਐਡੀਸ਼ਨ ਅੱਜ ਨਵੀਂ ਦਿੱਲੀ ਦੇ ਯਸ਼ੋਭੂਮੀ ਵਿਖੇ ਸ਼ੁਰੂ ਹੋ ਰਿਹਾ ਏ । ਇਸ ਸਾਲ, ਇਸਦਾ ਵਿਸ਼ਾ  ਸੀਮਾ ਰਹਿਤ ਪਸਾਰ ਏ.

-----------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਤਕਨਾਲੋਜੀ ਨੂੰ ਸਮਾਵੇਸ਼ੀ ਅਤੇ ਨਿਰੰਤਰ ਰਹਿਣ ਯੋਗ ਵਿਕਾਸ ਲਈ ਇੱਕ ਸਾਧਨ ਬਣਨਾ ਚਾਹੀਦਾ ਏ। ਇੰਡੀਆ ਮੋਬਾਈਲ ਕਾਂਗਰਸ ਭਲਕੇ ਤੋਂ 10 ਅਕਤੂਬਰ ਤੱਕ ਨਵੀਂ ਦਿੱਲੀ ਵਿੱਚ ਹੋਏਗੀ. ਸ਼੍ਰੀ ਮੋਦੀ ਨੇ ਕਿਹਾ ਕਿ ਸਮਾਜ ਦਾ ਕੋਈ ਵੀ ਵਰਗ ਪਿੱਛੇ ਨਾ ਰਹੇ ਇਸ ਨੂੰ ਯਕੀਨੀ ਬਣਾਉਣ ਲਈ ਤਕਨਾਲੋਜੀ ਦਾ ਲੋਕਤੰਤਰੀਕਰਨ ਜ਼ਰੂਰੀ ਏ। ਉਨ੍ਹਾਂ ਨੇ ਤਕਨਾਲੋਜੀ ਅਤੇ ਡਿਜੀਟਲ ਸੇਵਾਵਾਂ ਨੂੰ ਕਿਫਾਇਤੀ ਅਤੇ ਪਹੁੰਚਯੋਗ ਬਣਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਸ਼੍ਰੀ ਮੋਦੀ ਨੇ ਘੱਟ ਵਿਕਸਿਤ ਅਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਵਧ ਰਹੇ ਡਿਜੀਟਲ ਪਾੜੇ ਨੂੰ ਪੂਰਾ ਕਰਨ ਲਈ ਆਖਰੀ ਮੀਲ ਤੱਕ ਪਹੁੰਚਣ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ। ਪ੍ਰਧਾਨ ਮੰਤਰੀ ਨੇ ਡਿਜੀਟਲ ਜਨਤਕ ਬੁਨਿਆਦੀ ਢਾਂਚੇ ਦੀ ਸੰਭਾਵਨਾ ਨੂੰ ਵਿਕਾਸਸ਼ੀਲ ਦੇਸ਼ਾਂ ਲਈ ਇੱਕ ਪਰਿਵਰਤਨਸ਼ੀਲ ਸ਼ਕਤੀ ਦੱਸਿਆ।

---

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਸਵਿਤਜ਼ਰਲੈਂਡ ਦੇ ਰਾਸ਼ਟਰਪਤੀ ਗੀ ਪਰਮਲਾਂ ਅੱਜ ਭਾਰਤ ਮੰਡਪਮ ਵਿਖੇ ਦੂਜੇ ਭਾਰਤ-ਈ.ਐਫ.ਟੀ.ਏ ਖੁਸ਼ਹਾਲੀ ਸੰਮੇਲਨ 2026 ਨੂੰ ਸੰਬੋਧਨ

ਕਰਨਗੇ। ਇਹ ਸੰਮੇਲਨ ਭਾਰਤ-ਯੂਰਪੀਅਨ ਆਜ਼ਾਦ ਵਪਾਰ ਐਸੋਸੀਏਸ਼ਨ ਵਪਾਰ ਅਤੇ ਆਰਥਿਕ ਭਾਈਵਾਲੀ ਸਮਝੌਤੇ (ਟੀ ਈ ਪੀ ਏ) ਦੀ ਪਹਿਲੀ ਵਰ੍ਹੇਗੰਢ ਮੌਕੇ ਕਰਾਇਆ ਜਾ ਰਿਹਾ ਏ. ਇਸ ਸੰਮੇਲਨ ਵਿੱਚ ਭਾਰਤ ਅਤੇ ਈ ਐਫ ਟੀ ਏ ਮੈਂਬਰ ਦੇਸ਼ਾਂ - ਸਵਿਟਜ਼ਰਲੈਂਡ, ਨਾਰਵੇ, ਆਈਸਲੈਂਡ ਅਤੇ ਲਿਕ-ਟੈਂਸਟੀਨ ਦੇ ਸੀਨੀਅਰ ਅਧਿਕਾਰੀ, ਵਪਾਰ ਜਗਤ ਦੇ ਕਾਰੋਬਾਰੀ ਅਤੇ ਮੁੱਖ ਹਿੱਸੇਦਾਰ ਸ਼ਾਮਲ ਹੋਣਗੇ। ਇਸਦਾ ਉਦੇਸ਼ ਆਰਥਿਕ ਸਹਿਯੋਗ ਨੂੰ ਹੋਰ ਮਜ਼ਬੂਤ ਕਰਨਾ, ਵਪਾਰਕ ਭਾਈਵਾਲੀ ਨੂੰ ਵਧਾਉਣਾ, ਵਪਾਰਕ ਭਾਈਵਾਲੀਆਂ ਵਧਾਉਣਾ ਅਤੇ ਨਿਵੇਸ਼, ਤਕਨਾਲੋਜੀ ਸਹਿਯੋਗ ਅਤੇ ਨਵੀਨਤਾ ਲਈ ਨਵੇਂ ਮੌਕਿਆਂ ਦੀ ਘੋਖ ਕਰਨਾ ਏ. 10 ਲਖ ਡਾਲਰ ਦੀ ਨਿਵੇਸ਼ ਭਾਈਵਾਲੀ ਅਤੇ ਭਾਰਤ ਵਿੱਚ 10 ਲੱਖ ਰੁਜ਼ਗਾਰ ਸਿਰਜਣਾ" ਵਿਸ਼ੇ ‘ਤੇ ਕਰਾਏ ਜਾ ਰਹੇ ਇਹ ਸੰਮੇਲਨ ‘ਚ ਟੀਈਪੀਏ ਦੀ ਪ੍ਰਗਤੀ ਦੀ ਸਮੀਖਿਆ ਕੀਤੀ ਜਾਏਗੀ, ਨਵੇਂ ਨਿਵੇਸ਼ਾਂ ਦਾ ਐਲਾਨ ਹੋਏਗਾ, ਸਨਅਤ ਅਤੇ ਸਰਕਾਰ ਵਿਚਕਾਰ ਸਹਿਯੋਗ ਨੂੰ ਮਜ਼ਬੂਤ ਕਰਨ, ਅਤੇ ਮੁੱਖ ਖੇਤਰਾਂ ਵਿੱਚ ਮੌਕਿਆਂ ਦੀ ਚਰਚਾ ਕੀਤੀ ਜਾਏਗੀ. ਰਾਸ਼ਟਰਪਤੀ ਗੀ ਪਰਮਲਾਂ ਭਾਰਤ ਦੇ ਤਿੰਨ ਦਿਨਾਂ ਦੌਰੇ 'ਤੇ ਨੇ. ਭਾਰਤ ਅਤੇ ਈ.ਐਫ.ਟੀ.ਏ ਵਿਚਕਾਰ ਟੀ.ਈ.ਪੀ.ਏ ਪਿਛਲੇ ਸਾਲ ਪਹਿਲੀ

ਅਕਤੂਬਰ ਨੂੰ ਲਾਗੂ ਹੋਇਆ ਸੀ। ਇਸ ਤੋਂ ਪਹਿਲਾਂ ਸੋਮਵਾਰ ਨੂੰ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਨਵੀਂ ਦਿੱਲੀ ਦੇ ਹੈਦਰਾਬਾਦ ਹਾਊਸ ਵਿਖੇ ਸਵਿਸ ਰਾਸ਼ਟਰਪਤੀ ਗੀ ਪਰਮਲਾਂ ਨਾਲ ਦੁਵੱਲੀ ਗੱਲਬਾਤ ਕੀਤੀ। ਗੱਲਬਾਤ ਦੌਰਾਨ, ਆਵਾਜਾਈ ਤਕਨਾਲੋਜੀ, ਗਤੀਸ਼ੀਲਤਾ ਪ੍ਰਣਾਲੀਆਂ ਅਤੇ ਬੁਨਿਆਦੀ ਢਾਂਚੇ ਦੇ ਖੇਤਰਾਂ ਵਿੱਚ ਸਹਿਯੋਗ ਵਧਾਉਣ ਲਈ ਕਈ ਸਮਝੌਤਿਆਂ 'ਤੇ ਦਸਤਖਤ ਕੀਤੇ ਗਏ।

---

ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੇ ਪੰਜਾਬ ਦੇ ਮੁੱਖ ਮੰਤਰੀ ਦੇ ਓਐਸਡੀ, ਰਾਜਬੀਰ ਘੁੰਮਣ ਅਤੇ ਉਨ੍ਹਾਂ ਦੇ ਸਾਥੀਆਂ ਵਿਰੁੱਧ ਆਈ.ਏ.ਐਸ. ਅਤੇ ਆਈ.ਪੀ.ਐਸ. ਰੈਂਕ ਦੇ ਅਧਿਕਾਰੀਆਂ ਸਮੇਤ ਅਧਿਕਾਰੀਆਂ ਦੇ ਨਕਦੀ ਬਦਲੇ ਤਬਾਦਲੇ ਅਤੇ ਦੀਆਂ ਪੋਸਟਿੰਗਾਂ ਵਿੱਚ ਪ੍ਰਭਾਅ ਪਾਉਣ ਅਤੇ ਭ੍ਰਿਸ਼ਟਾਚਾਰ ਦੇ ਹੋਰ ਮਾਮਲਿਆਂ ਵਿੱਚ ਐਫ ਆਈ ਆਰ ਦਰਜ ਕੀਤੀ ਏ ਤਾਂ ਜੋ ਇਨ੍ਹਾਂ ਇਲਜ਼ਾਮਾਂ ਦੀ ਜਾਂਚ ਕੀਤੀ ਜਾ ਸਕੇ। ਇਸ ਤੋਂ ਬਾਅਦ ਚੰਡੀਗੜ੍ਹ, ਮੋਹਾਲੀ, ਗੁਰਦਾਸਪੁਰ, ਲੁਧਿਆਣਾ, ਪਟਿਆਲਾ, ਸੰਗਰੂਰ ਅਤੇ ਜਲੰਧਰ ਵਿੱਚ ਉਨ੍ਹਾਂ ਨਾਲ ਸੰਬੰਧਿਤ 8 ਥਾਵਾਂ 'ਤੇ ਛਾਪੇਮਾਰੀ ਕੀਤੀ ਗਈ। ਲੈਪਟਾਪ, ਮੋਬਾਈਲ ਫੋਨ ਅਤੇ ਦਸਤਾਵੇਜ਼ ਵਰਗੇ ਅਪਰਾਧਕ

ਸਬੂਤ ਜ਼ਬਤ ਕੀਤੇ ਗਏ। ਇਨ੍ਹਾਂ ਦੀ ਰਿਸ਼ਵਤਖੋਰੀ ਦੇ ਸਬੂਤਾਂ ਲਈ ਜਾਂਚ ਕੀਤੀ ਜਾ ਰਹੀ ਏ। ਜਾਂਚ ਏਜੰਸੀ ਵੱਲੋਂ ਇਹ ਕਾਰਵਾਈ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਇਨਫੋਰਸਮੈਂਟ ਡਾਇਰੈਕਟੋਰੇਟ ਤੋਂ ਸਬੰਧਤ ਭ੍ਰਿਸ਼ਟਾਚਾਰ ਕੇਸ ਸੀਬੀਆਈ ਨੂੰ ਸੌਂਪਣ ਤੋਂ ਬਾਅਦ ਦਿੱਤੇ ਗਏ ਹੁਕਮਾਂ ਦੇ ਮੱਦੇਨਜ਼ਰ ਕੀਤੀ ਗਈ ਏ. ਸਾਡੇ ਜਲੰਧਰ ਵਾਲੇ ਪੱਤਰਕਾਰ ਨੇ ਅਧਿਕਾਰਤ ਹਲਕਿਆਂ ਦੇ ਹਵਾਲੇ ਨਾਲ ਦੱਸਿਆ ਏ ਕਿ 6 ਵਿਅਕਤੀਆਂ, ਜਿਨ੍ਹਾਂ ਵਿੱਚ ਦੋ ਸਰਕਾਰੀ ਸੇਵਕ, ਵਿਚੋਲੇ ਅਤੇ ਸਹਿਯੋਗੀ ਸ਼ਾਮਿਲ ਨੇ, ਜਿਨ੍ਹਾਂ ਵਿੱਚ ਓ.ਐਸ.ਡੀ ਘੁੰਮਣ, ਭਰਾ ਨਿਤਿਨ ਗੋਹਲ ਅਤੇ ਜਿਤਿਨ ਗੋਹਲ, ਰੋਮੀ ਰਾਜਾ ਮਹਾਜਨ, ਬੀਰ ਦਵਿੰਦਰ, ਆਰ.ਐਸ. ਨਾਗਰਾ ਅਤੇ ਕੁਝ ਹੋਰ ਅਣਪਛਾਤੇ ਸਰਕਾਰੀ ਸੇਵਕ ਅਤੇ ਨਿੱਜੀ ਵਿਅਕਤੀ ਸ਼ਾਮਿਲ ਨੇ, ਵਿਰੁੱਧ ਮਾਮਲਾ ਦਰਜ ਕੀਤਾ ਗਿਆ ਏ। ਹੋਰ ਜਾਂਚ ਜਾਰੀ ਏ. ਇਸ ਦੌਰਾਨ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੀਬੀਆਈ ਦੀ ਕਾਰਵਾਈ ਦੀ ਨਿਖੇਧੀ ਕੀਤੀ ਏ. ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਉਨ੍ਹਾਂ ਨੇ ਕੇਂਦਰ 'ਤੇ ਓਹਨਾਂ ਦੀ ਸਰਕਾਰ ਨੂੰ ਬਦਨਾਮ ਕਰਨ ਲਈ ਏਜੰਸੀ ਦੀ ਦੁਰਵਰਤੋਂ ਕਰਨ ਦਾ ਇਲ੍ਜ਼ਾਮ ਲਾਇਆ.

---------------------------------------------------------------

ਭਾਰਤੀ ਰਿਜ਼ਰਵ ਬੈਂਕ ਅੱਜ ਆਪਣੀ ਦੁਮਾਹੀ ਮਾਲੀ ਨੀਤੀ ਦਾ ਐਲਾਨ ਕਰੇਗਾ। ਕਈ ਮਾਹਰਾਂ ਦਾ ਮੰਨਣਾ ਏ ਕਿ ਪੱਛਮੀ ਏਸ਼ੀਆ ਵਿੱਚ ਟਕਰਾਅ ਕਾਰਨ ਵਧ ਰਹੇ ਮਹਿੰਗਾਈ ਦਬਾਅ ਨੂੰ ਦੇਖਦੇ ਹੋਏ, ਵਿਆਜ ਦਰਾਂ ਕਰੀਬ ਸਾਢੇ ਤਿੰਨ ਸਾਲਾਂ ਬਾਅਦ ਵਧ ਸਕਦੀਆਂ ਨੇ. ਆਖਰੀ ਰੈਪੋ ਦਰ ਵਾਧਾ ਫਰਵਰੀ 2023 ਵਿੱਚ ਹੋਇਆ ਸੀ, ਜਦੋਂ ਆਰਬੀਆਈ ਨੇ ਦਰ ਨੂੰ 0.25 ਫੀਸਦੀ ਵਧਾ ਕੇ 6.5 ਫੀਸਦੀ ਕਰ ਦਿੱਤਾ ਸੀ. 2023-24 ਵਿੱਚ ਦਰ ਵਿੱਚ ਕੋਈ ਬਦਲਾਅ ਨਹੀਂ ਹੋਇਆ, ਅਤੇ ਵਿਆਜ ਦਰਾਂ ਵਿੱਚ ਕਟੌਤੀ 2025 ਵਿੱਚ ਸ਼ੁਰੂ ਹੋਈ। ਮੌਜੂਦਾ ਸਮੇਂ  ਵਿੱਚ, ਆਰਬੀਆਈ ਦੀ ਨੀਤੀਗਤ ਰੈਪੋ ਦਰ 5.25 ਫੀਸਦੀ ਏ.

---------------------------------------------------------------

ਜੰਮੂ-ਕਸ਼ਮੀਰ ਦੀ ਉੱਤਰੀ ਕਮਾਂਡ ਦੇ ਫੌਜ ਕਮਾਂਡਰ, ਲੈਫਟੀਨੈਂਟ ਜਨਰਲ ਪ੍ਰਤੀਕ ਸ਼ਰਮਾ ਨੇ ਕਾਲਾਕੋਟ ਅਤੇ ਰਾਜੌਰੀ ਸੈਕਟਰਾਂ ਦਾ ਦੌਰਾ ਕਰਕੇ ਸੰਚਾਲਨ ਤਿਆਰੀਆਂ ਅਤੇ ਸੁਰੱਖਿਆ ਸਥਿਤੀ ਦੀ ਸਮੀਖਿਆ ਕੀਤੀ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਫੌਜ ਨੇ ਕਿਹਾ ਏ ਕਿ ਫੌਜੀਆਂ ਨੇ ਉਨ੍ਹਾਂ ਨੂੰ ਮੁੱਖ ਸੰਚਾਲਨ ਤਿਆਰੀ ਉਪਾਵਾਂ ਬਾਰੇ ਜਾਣਕਾਰੀ ਦਿੱਤੀ, ਜਿਸ ਵਿੱਚ ਚੌਕਸੀ, ਸਿਖਲਾਈ,

ਤਾਲਮੇਲ ਅਤੇ ਕੰਟਰੋਲ ਰੇਖਾ ਦੇ ਨਾਲ-ਨਾਲ ਅਤੇ ਅੰਦਰੂਨੀ ਇਲਾਕਿਆਂ ਵਿੱਚ ਸੁਰੱਖਿਆ ਬਣਾਈ ਰੱਖਣ ਲਈ ਅਪਣਾਏ ਗਏ ਨਵੀਨਤਾਕਾਰੀ ਢੰਗ – ਤਰੀਕੇ ਸ਼ਾਮਿਲ ਨੇ. ਫੌਜੀਆਂ ਨਾਲ ਆਪਣੀ ਗੱਲਬਾਤ ਦੌਰਾਨ, ਫੌਜ ਕਮਾਂਡਰ ਨੇ ਉਨ੍ਹਾਂ ਦੇ ਪੇਸ਼ੇਵਰ ਰਵਈਏ ਅਤੇ ਸਮਰਪਣ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਦੁਸ਼ਮਣ ਦੀ ਕਿਸੇ ਵੀ ਗੁਸਤਾਖੀ ਦਾ ਮੁਕਾਬਲਾ ਕਰਨ ਲਈ ਤਿਆਰ ਰਹਿਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।

---

ਭਾਰਤ ਨੇ ਪਹਿਲੇ twenty -20 ਮੈਚ ਵਿੱਚ ਵੈਸਟਇੰਡੀਜ਼ ਨੂੰ ਅੱਠ ਵਿਕਟਾਂ ਨਾਲ ਹਰਾਇਆ । ਬੀਤੀ ਰਾਤ ਲਖਨਊ ਵਿੱਚ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ, ਵੈਸਟਇੰਡੀਜ਼ ਨੇ 19 ਓਵਰਾਂ ਅਤੇ ਇੱਕ ਗੇਂਦ ਵਿੱਚ 171 ਦੌੜਾਂ ਬਣਾਈਆਂ। ਭਾਰਤ ਲਈ ਨਮਨ ਧੀਰ ਨੇ ਤਿੰਨ ਵਿਕਟਾਂ ਲਈਆਂ, ਜਦੋਂ ਕਿ ਅਕਸ਼ਰ ਪਟੇਲ ਅਤੇ ਕੁਲਦੀਪ ਯਾਦਵ ਨੇ ਦੋ-ਦੋ ਵਿਕਟਾਂ ਲਈਆਂ। ਭਾਰਤ ਨੇ 172 ਦੌੜਾਂ ਦਾ ਟੀਚਾ ਸਿਰਫ਼ 14 ਓਵਰਾਂ ਅਤੇ ਚਾਰ ਗੇਂਦਾਂ ਵਿੱਚ ਦੋ ਵਿਕਟਾਂ ਗੁਆ ਕੇ ਹਾਸਿਲ ਕਰ ਲਿਆ। ਸ਼੍ਰੇਅਸ ਅਈਅਰ 102 ਅਤੇ ਈਸ਼ਾਨ ਕਿਸ਼ਨ 37 ਦੌੜਾਂ ਬਣਾ ਕੇ ਨਾਬਾਦ ਰਹੇ। ਸ਼੍ਰੇਅਸ ਅਈਅਰ ਨੂੰ ਪਲੇਅਰ ਆਫ਼ ਦ ਮੈਚ ਚੁਣਿਆ ਗਿਆ। ਇਸ ਜਿੱਤ ਦੇ ਨਾਲ,

ਭਾਰਤ ਨੇ ਪੰਜ ਮੈਚਾਂ ਦੀ ਲੜੀ ਵਿੱਚ 1-0 ਦੀ ਲੀਡ ਬਣਾ ਲਈ। ਲੜੀ ਦਾ ਦੂਜਾ ਮੈਚ ਸ਼ੁੱਕਰਵਾਰ ਨੂੰ ਰਾਂਚੀ ਵਿੱਚ ਖੇਡਿਆ ਜਾਵੇਗਾ।

---

ਭਾਰਤੀ ਕ੍ਰਿਕੇਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਨੇ ਸਮ੍ਰਿਤੀ ਮੰਧਾਨਾ ਨੂੰ ਭਾਰਤ ਦੀ ਔਰਤਾਂ ਦੀ ਕ੍ਰਿਕਟ ਟੀਮ ਦਾ ਨਵਾਂ ਕਪਤਾਨ ਨਿਯੁਕਤ ਕੀਤਾ ਏ। ਉਹ ਹੁਣ ਭਾਰਤ ਦੇ ਫੁੱਲ-ਟਾਈਮ ਵਾਈਟ-ਬਾਲ ਕਪਤਾਨ ਵਜੋਂ ਜ਼ਿੰਮੇਵਾਰੀ ਸੰਭਾਲਣਗੇ. ਓਹਨਾਂ ਦੀ ਨਿਯੁਕਤੀ ਹਰਮਨਪ੍ਰੀਤ ਕੌਰ ਦੇ ਤਿੰਨੋਂ ਫਾਰਮੈਟਸ ਵਿੱਚ ਭਾਰਤ ਦੀ ਕਪਤਾਨੀ ਛੱਡਣ ਤੋਂ ਬਾਅਦ ਹੋਈ ਏ।

---

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਸਰਕਾਰ ਦੇ ਮੁਖੀ ਵਜੋਂ 25 ਸਾਲ ਪੂਰੇ ਕਰ ਰਹੇ ਨੇ. ਕੇਂਦਰੀ ਮੰਤਰੀ ਮੰਡਲ ਨੇ ਇਸ ਇਤਿਹਾਸਕ ਪ੍ਰਾਪਤੀ ‘ਤੇ ਮਤਾ ਪਾਸ ਕੀਤਾ.
- ਸਰਕਾਰ ਨੇ ਵਿਕਸਿਤ ਭਾਰਤ-ਜੀ ਰਾਮ ਜੀ ਤਹਿਤ ਕੀਤੇ ਜਾਣ ਵਾਲੇ ਕੰਮਾਂ ਦੀ ਸੂਚੀ ਜਾਰੀ ਕੀਤੀ ਏ।
- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇੰਡੀਆ ਮੋਬਾਈਲ ਕਾਂਗਰਸ ਤੋਂ ਪਹਿਲਾਂ, ਗਲੋਬਲ ਸਿਸਟਮ ਫਾਰ ਮੋਬਾਈਲ ਕਮਿਊਨੀਕੇਸ਼ਨਜ਼

ਐਸੋਸੀਏਸ਼ਨ (GSMA) ਦੇ ਬੋਰਡ ਮੈਂਬਰਾਂ ਨਾਲ ਗੱਲਬਾਤ ਕੀਤੀ। ਕਿਹਾ, ਤਕਨਾਲੋਜੀ ਨੂੰ ਸਮਾਵੇਸ਼ੀ ਅਤੇ ਨਿਰੰਤਰ ਰਹਿਣ ਯੋਗ ਵਿਕਾਸ ਲਈ ਇੱਕ ਸਾਧਨ ਬਣਨਾ ਚਾਹੀਦਾ ਏ.

- ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੇ ਪੰਜਾਬ ਦੇ ਮੁੱਖ ਮੰਤਰੀ ਦੇ ਓਐਸਡੀ, ਅਤੇ ਉਨ੍ਹਾਂ ਦੇ ਸਾਥੀਆਂ ਵਿਰੁੱਧ ਨਕਦੀ ਬਦਲੇ ਤਬਾਦਲੇ ਅਤੇ ਭ੍ਰਿਸ਼ਟਾਚਾਰ ਦੇ ਹੋਰ ਮਾਮਲਿਆਂ ਵਿੱਚ FIR ਦਰਜ ਕੀਤੀ. ਤੇ ਛਾਪੇਮਰੀ ਕੀਤੀ ।
- ਭਾਰਤੀ ਰਿਜ਼ਰਵ ਬੈਂਕ ਅੱਜ ਆਪਣੀ ਦੁਮਾਹੀ ਮਾਲੀ ਨੀਤੀ ਦਾ ਐਲਾਨ ਕਰੇਗਾ।
- ਭਾਰਤੀ ਕ੍ਰਿਕੇਟ ਕੰਟਰੋਲ ਬੋਰਡ ਨੇ ਸਮ੍ਰਿਤੀ ਮੰਧਾਨਾ ਨੂੰ ਭਾਰਤ ਦੀ ਔਰਤਾਂ ਦੀ ਕ੍ਰਿਕਟ ਟੀਮ ਦਾ ਨਵਾਂ ਕਪਤਾਨ ਨਿਯੁਕਤ ਕੀਤਾ ਏ ।

**ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ**

**ਸਾਡਾ ਅਗਲਾ ਪ੍ਰਾਦੇਸ਼ਿਕ ਬੁਲੇਟਿਨ**

**ਦੁਪਹਿਰ ਬਾਅਦ 1 ਵਜ ਕੇ 10 ਮਿੰਟ ‘ਤੇ ਹੋਏਗਾ**

**ਨਮਸ੍ਕਾਰ**